# ਰੰਗ ਬਾਬਾ

ਰੰਗ ਬਾਬਾ
=======
ਰੰਗ ਬਾਬਾ,,, ਰੰਗ ਬਾਬਾ,,,
ਸਾਨੂੰ, ਆਪਣਿਆਂ ਰੰਗਾਂ ਵਿੱਚ, ਰੰਗ ਬਾਬਾ ॥
ਦੁੱਖ, ਤੈਨੂੰ ਅਸੀਂ ਕਹਿਣਾ*, ਤੇਰੇ, ਚਰਨਾਂ ਚ ਰਹਿਣਾ* ॥,,
ਤੂੰ ਵੀ ਭਗਤਾਂ ਦੇ* ਰਹੀਂ, ਅੰਗ ਸੰਗ ਬਾਬਾ,,,
ਰੰਗ ਬਾਬਾ,,, ਰੰਗ ਬਾਬਾ,,,
ਸਾਨੂੰ, ਆਪਣਿਆਂ ਰੰਗਾਂ ਵਿੱਚ, ਰੰਗ ਬਾਬਾ ॥
^
ਮੋਰ ਤੇ ਸਵਾਰ ਹੋ ਕੇ, ਦਰਸ਼ ਦਿਖਾ ਦਿਓ,
ਆਪਣਿਆਂ ਭਗਤਾਂ ਦੀ, "ਚਿੰਤਾ ਮਿਟਾ ਦਿਓ" ॥
ਤੇਰੇ, ਨਾਮ ਨੂੰ ਧਿਆਈਏ*, ਸਦਾ, ਗੁਣ ਤੇਰੇ ਗਾਈਏ ॥,,
ਚਾਹਰ, ਮਸਤੀ ਦੇ* ਕਰ ਦੇ, ਮਲੰਗ ਬਾਬਾ,,,
ਰੰਗ ਬਾਬਾ,,, ਰੰਗ ਬਾਬਾ,,,
ਸਾਨੂੰ, ਆਪਣਿਆਂ ਰੰਗਾਂ ਵਿੱਚ, ਰੰਗ ਬਾਬਾ ॥
^
ਸਲੇਰਨ ਧਾਮ ਵਿੱਚ, ਜੋਗੀ ਕੁੱਲੀ ਪਾਈ ਏ,
ਕੁੱਲੀ ਵਿੱਚ ਜੋਤ ਤੇਰੇ, "ਨਾਮ ਦੀ ਜਗਾਈ ਏ" ॥
ਤੇਰਾ, ਮੱਲ੍ਹਿਆ ਦੁਆਰਾ*, ਸਾਡਾ, ਤੂੰ ਹੀ ਆ ਸਹਾਰਾ ॥,,
ਧੂਣਾ, ਭਗਤਾਂ ਨੇ* ਕੀਤਾ, ਪ੍ਰਚੰਡ ਬਾਬਾ,,,
ਰੰਗ ਬਾਬਾ,,, ਰੰਗ ਬਾਬਾ,,,
ਸਾਨੂੰ, ਆਪਣਿਆਂ ਰੰਗਾਂ ਵਿੱਚ, ਰੰਗ ਬਾਬਾ ॥
^
ਸੋਹਣੇ ਸੋਹਣੇ ਝੰਡੇ ਤੇਰੀ, ਗੁਫ਼ਾ ਉੱਤੇ ਝੁੱਲਦੇ,
ਤਾਰ ਤੇ ਚਮਨ ਜੇਹੇ, "ਗਲ੍ਹੀਆਂ ਚ ਰੁੱਲ੍ਹਦੇ" ॥
ਸੋਹਣਾ, ਰਤਨੋ ਦਾ ਪਾਲੀ*, ਲੱਖਾਂ, ਤਾਰ ਤੇ ਸਵਾਲੀ ॥,,
ਦਾਤਾਂ, ਸਭਨਾਂ ਨੂੰ* ਰਿਹਾ ਏਂ, ਵੰਡ ਬਾਬਾ,,,
ਰੰਗ ਬਾਬਾ,,, ਰੰਗ ਬਾਬਾ,,,
ਸਾਨੂੰ, ਆਪਣਿਆਂ ਰੰਗਾਂ ਵਿੱਚ, ਰੰਗ ਬਾਬਾ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33492/title/RANG-BABA

अपने Android मोबाइल पर BhajanGanga App डाउनलोड करें और भजनों का आनंद ले |